| Surname | | Other Names | |
|---|---|---|---|
| Centre Number | | Candidate Number | |
| Candidate Signature | | | |

For Examiner's Use

General Certificate of Secondary Education
June 2008

**PANJABI** **3681/LH**
**Listening Test**
**Higher Tier**

# H

ASSESSMENT and QUALIFICATIONS ALLIANCE

Thursday 22 May 2008 1.30 pm to 2.15 pm approximately (including reading time)

**You will need no other materials.**

Time allowed: 40 minutes approximately
+ 5 minutes reading time before the test

| For Examiner's Use | | | |
|---|---|---|---|
| Page | Mark | Page | Mark |
| 2/3 | | 6/7 | |
| 4/5 | | | |
| Total (Column 1) → | | | |
| Total (Column 2) → | | | |
| TOTAL | | | |
| Examiner's Initials | | | |

**Instructions**
- Use black ink or black ball-point pen.
- Fill in the boxes at the top of this page.
- Before the tape is started, you will be allowed five minutes during which you may read through the questions. You may make notes in this time.
- **Do not open this book until you are told to do so.**

This is what you should do for each item.
- Read the instructions and questions.
- Listen carefully to the recording and read the questions again.
- Listen to the recording again, and then answer the questions.
- Your teacher will pause the tape when you hear the tone, after the second hearing of each item, to give you time to write. You may write at any time during the test.
- Answer **all** questions.
- You must answer the questions in the spaces provided. Answers written in margins or on blank pages will not be marked.
- In **Section A** answer the questions in **Panjabi**.
- In **Section B** answer the questions in **English**.
- Write neatly and put down **all** the information you are asked to give.
- Ask any questions now. **You must not ask questions or interrupt during the test.**

**Information**
- The maximum mark for this paper is 40.
- The marks for questions are shown in brackets.
- You must **not** use a dictionary at any time during this test.

J U N 0 8 3 6 8 1 L H 0 1

Areas outside the box will not be scanned for marking

## ਸੈਕਸ਼ਨ ਏ

### ਪ੍ਰਸ਼ਨ ਅਤੇ ਉੱਤਰ ਪੰਜਾਬੀ ਵਿੱਚ

**1** ਵਿਕਰਮ ਆਪਣੀ ਪੜ੍ਹਾਈ ਬਾਰੇ ਦੱਸ ਰਿਹਾ ਹੈ ।

**1** (ੳ) ਉਸ ਨੂੰ ਕਿਹੜਾ ਵਿਸ਼ਾ ਪਸੰਦ ਹੈ ?

| | |
|---|---|
| **1** | ਹਿਸਾਬ |
| **2** | ਪੰਜਾਬੀ |
| **3** | ਆਈ ਟੀ |

ਠੀਕ ਉੱਤਰ ਦਾ ਨੰਬਰ ਖਾਨੇ ਵਿੱਚ ਲਿਖੋ: ☐ *(1 mark)*

**1** (ਅ) ਕਿਉਂ ?

| | |
|---|---|
| **1** | ਦਿਲਚਸਪ ਹੈ |
| **2** | ਸੌਖਾ ਹੈ |
| **3** | ਔਖਾ ਹੈ |

ਠੀਕ ਉੱਤਰ ਦਾ ਨੰਬਰ ਖਾਨੇ ਵਿੱਚ ਲਿਖੋ: ☐ *(1 mark)*

**1** (ੲ) ਵੱਡੇ ਹੋ ਕੇ ਉਸ ਨੂੰ ਇਸ ਪੜ੍ਹਾਈ ਦਾ ਕੀ ਲਾਭ ਹੋਵੇਗਾ ?

..........................................................................................................................

*(1 mark)*

**2** ਤੁਸੀਂ ਚਾਰ ਦੋਸਤਾਂ ਦੇ ਸ਼ੌਕਾਂ ਬਾਰੇ ਸੁਣ ਰਹੇ ਹੋ ।

ਨਾਵਾਂ ਦੇ ਸਾਹਮਣੇ ਦੋਸਤਾਂ ਦੇ ਸ਼ੌਕਾਂ ਬਾਰੇ ਲਿਖੋ :

| ਨਾਮ | ਸ਼ੌਕ |
|---|---|
| ਰਾਜਨ | |
| ਕਿਰਨ | |
| ਪਾਲ | |
| ਗੀਤਾ | |

*(4 marks)*

Areas outside the box will not be scanned for marking

**3** ਜਸਬੀਰ ਆਪਣੇ ਘਰ ਬਾਰੇ ਦੱਸ ਰਹੀ ਹੈ ।

**3** (ੳ) ਜਸਬੀਰ ਦਾ ਪੁਰਾਣਾ ਘਰ ਕਿਹੋ ਜਿਹਾ ਸੀ ?

............................................................................................................................

*(1 mark)*

**3** (ਅ) ਜਸਬੀਰ ਨੂੰ ਉਹ ਘਰ ਕਿਉਂ ਪਸੰਦ ਨਹੀਂ ਸੀ ?

............................................................................................................................

*(1 mark)*

**3** (ੲ) ਵੱਡੀ ਹੋ ਕੇ ਜਸਬੀਰ ਫਲੈਟ ਕਿਉਂ ਖਰੀਦੇਗੀ ? ਦੋ ਗੱਲਾਂ ਦੱਸੋ

1 ..........................................................................................................................

2 ..........................................................................................................................

*(2 marks)*

**4** ਤੁਸੀਂ ਚੈਰਿਟੀ ਸ਼ੋਅ ਬਾਰੇ ਇੱਕ ਸੂਚਨਾ ਸੁਣਦੇ ਹੋ ।

**4** (ੳ) ਇਹ ਸ਼ੋਅ ਕਿਉਂ ਹੋ ਰਿਹਾ ਹੈ ?

............................................................................................................................

*(1 mark)*

**4** (ਅ) ਖਾਣੇ ਬਾਰੇ ਕੀ ਕਿਹਾ ਗਿਆ ਹੈ ?

............................................................................................................................

*(1 mark)*

**4** (ੲ) ਸ਼ੋਅ ਦੇਖਣ ਲਈ ਟਿਕਟ ਕਿੰਨੇ ਦੀ ਹੋਵੇਗੀ ?

............................................................................................................................

*(1 mark)*

**14**

**Turn over ▸**

Areas outside the box will not be scanned for marking

**5** ਤੁਸੀਂ ਚਾਰ ਦੋਸਤਾਂ ਦੇ ਪੰਜਾਬ ਅਤੇ ਇੰਗਲੈਂਡ ਦੇ ਮੌਸਮ ਬਾਰੇ ਵਿਚਾਰ ਸੁਣਦੇ ਹੋ ।

ਪਹਿਲਾ ਭਾਗ : ਮੀਨਾ ਇੰਗਲੈਂਡ ਦਾ ਸਰਦੀਆਂ ਦਾ ਮੌਸਮ ਪਸੰਦ ਕਿਉਂ ਨਹੀਂ ਕਰਦੀ ? ਦੋ ਗੱਲਾਂ ਲਿਖੋ ।

1 ..............................................................................................................................

2 ..............................................................................................................................

*(2 marks)*

ਦੂਜਾ ਭਾਗ : ਸੁਨੀਤਾ ਨੂੰ ਇੰਗਲੈਂਡ ਦਾ ਗਰਮੀਆਂ ਦਾ ਮੌਸਮ ਕਿਉਂ ਚੰਗਾ ਲਗਦਾ ਹੈ ? ਦੋ ਗੱਲਾਂ ਲਿਖੋ ।

1 ..............................................................................................................................

2 ..............................................................................................................................

*(2 marks)*

ਤੀਜਾ ਭਾਗ : ਜਸਦੀਪ ਦੇ ਪੰਜਾਬ ਦੇ ਗਰਮੀਆਂ ਦੇ ਮੌਸਮ ਬਾਰੇ ਕੀ ਵਿਚਾਰ ਹਨ ? ਦੋ ਗੱਲਾਂ ਲਿਖੋ ।

1 ..............................................................................................................................

2 ..............................................................................................................................

*(2 marks)*

ਚੌਥਾ ਭਾਗ : ਦਲੀਪ ਨੂੰ ਪੰਜਾਬ ਦੀ ਮੌਨਸੂਨ ਰੁੱਤ ਕਿਉਂ ਚੰਗੀ ਨਹੀਂ ਲਗਦੀ ? ਦੋ ਗੱਲਾਂ ਲਿਖੋ ।

1 ..............................................................................................................................

2 ..............................................................................................................................

*(2 marks)*

Areas outside the box will not be scanned for marking

**6** ਤੁਸੀਂ ਜੀਤੀ ਦੀ ਮੰਮੀ ਦਾ ਸੁਨੇਹਾ ਸੁਣਦੇ ਹੋ ।

**6** (ੳ) ਜੀਤੀ ਨੂੰ ਕੀ ਤਕਲੀਫ ਹੈ ?

..........................................................................................................................................

*(1 mark)*

**6** (ਅ) ਉਹ ਸਕੂਲ ਕਿਉਂ ਨਹੀਂ ਆਵੇਗੀ ?

..........................................................................................................................................

*(1 mark)*

**7** ਤੁਸੀਂ ਹਰਜੀਤ ਦੇ ਫਿਲਮ ਬਾਰੇ ਵਿਚਾਰ ਸੁਣਦੇ ਹੋ ।

**7** (ੳ) ਹਰਜੀਤ ਨੂੰ ਇਹ ਫਿਲਮ ਕਿਉਂ ਪਸੰਦ ਹੈ ? ਦੋ ਗੱਲਾਂ ਲਿਖੋ ।

1 ........................................................................................................................................

2 ........................................................................................................................................

*(2 marks)*

**7** (ਅ) ਇਸ ਫਿਲਮ ਤੋਂ ਤੁਸੀਂ ਕੀ ਸਿੱਖ ਸਕਦੇ ਹੋ ? ਦੋ ਗੱਲਾਂ ਲਿਖੋ ।

1 ........................................................................................................................................

2 ........................................................................................................................................

*(2 marks)*

**Turn over for the next question**

**14**

**Turn over ▸**

Areas outside the box will not be scanned for marking

**8** ਹਰਪਾਲ ਫੈਸ਼ਨ ਸ਼ੋਅ ਬਾਰੇ ਦੱਸ ਰਿਹਾ ਹੈ ।

**8** (ੳ) ਹਰਪਾਲ ਨੇ ਪਿਛਲੇ ਸਨਿੱਚਰਵਾਰ ਨੂੰ ਕੀ ਕੀਤਾ ?

.....................................................................................................................................

*(1 mark)*

**8** (ਅ) ਲੋਕਾਂ ਨੂੰ ਇਹ ਨੁਮਾਇਸ਼ ਦੇਖਣ ਨਾਲ ਕੀ ਜਾਣਕਾਰੀ ਮਿਲੇਗੀ ? ਦੋ ਗੱਲਾਂ ਲਿਖੋ ।

1 .................................................................................................................................

2 .................................................................................................................................

*(2 marks)*

**8** (ੲ) ਸ਼ੋਅ ਦੇਖਣ ਜਾਣ ਲਈ ਟਿਕਟ ਕਿੰਨੇ ਦੀ ਹੈ ?

.....................................................................................................................................

*(1 mark)*

Areas outside the box will not be scanned for marking

## SECTION B

Questions and answers in **English**

**9** You are listening to a conversation between two friends.

**9** (a) Why does Dalbir want to become a journalist? Give **two** reasons.

1 ..........................................................................................................................

2 ..........................................................................................................................

*(2 marks)*

**9** (b) What is Jasbir's opinion about this profession? Give **two** details.

1 ..........................................................................................................................

2 ..........................................................................................................................

*(2 marks)*

**10** You are listening to part of a radio interview.

**10** (a) What British values does Principal Surjit Singh consider to be the most important? Give **two** details.

1 ..........................................................................................................................

2 ..........................................................................................................................

*(2 marks)*

**10** (b) (i) What message should Panjabi parents take from Principal Surjit Singh's interview ?

..........................................................................................................................

*(1 mark)*

**10** (b) (ii) Why ?

..........................................................................................................................

*(1 mark)*

**END OF QUESTIONS**

12

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

Copyright © 2008 AQA and its licensors. All rights reserved.

General Certificate of Secondary Education
June 2008

**PANJABI** **3681/LH/T**
**Listening Test Transcript**
**Higher Tier**

**FOR INVIGILATOR'S USE ONLY**

Thursday 22 May 2008 1.30 pm to 2.15 pm approximately
(including reading time)

Time allowed: 40 minutes approximately
+ 5 minutes reading time before the test

This is what you should do for each item.
- Read the instructions and questions.
- Listen carefully to the recording and read the questions again.
- Listen to the recording again and then answer the questions.
- Your teacher will pause the tape when you hear the tone, after the second hearing of each item, to give you time to write. You may write at any time during the test.
- Answer **all** questions.
- You must answer the questions in the spaces provided. Answers written in margins or on blank pages will not be marked.
- In **Section A** answer the questions in **Panjabi**.
- In **Section B** answer the questions in **English**.
- Write neatly and put down **all** the information you are asked to give.
- Ask any questions now. **You must not ask questions or interrupt during the test.**
- **The test starts now.**

**ਸੈਕਸ਼ਨ ਏ:**

**ਪ੍ਰਸ਼ਨ ਅਤੇ ਉੱਤਰ ਪੰਜਾਬੀ ਵਿੱਚ**

**1** **F1:** ਸ਼ਾਨੀ: ਵਿਕਰਮ, ਤੁਸੀਂ ਸਕੂਲ ਵਿੱਚ ਕਿਹੜਾ ਵਿਸ਼ਾ ਸਭ ਤੋਂ ਜ਼ਿਆਦਾ ਪਸੰਦ ਕਰਦੇ ਹੋ ?
**M1:** ਵਿਕਰਮ: ਮੈਨੂੰ ਆਈ ਟੀ ਦਾ ਵਿਸ਼ਾ ਬਹੁਤ ਚੰਗਾ ਲਗਦਾ ਹੈ ।
**F1:** ਸ਼ਾਨੀ: ਬਾਕੀ ਵਿਸ਼ਿਆਂ ਨਾਲੋਂ ਤੈਨੂੰ ਇਹ ਕਿਉਂ ਚੰਗਾ ਲਗਦਾ ਹੈ ?
**M1:** ਵਿਕਰਮ: ਇਹ ਬਹੁਤ ਦਿਲਚਸਪ ਹੈ ਅਤੇ ਨਵੀਆਂ ਗੱਲਾਂ ਦਾ ਪਤਾ ਲਗਦਾ ਹੈ ।
**F1:** ਸ਼ਾਨੀ: ਪੜ੍ਹਾਈ ਖਤਮ ਕਰਨ ਮਗਰੋਂ ਤੈਨੂੰ ਇਸ ਦਾ ਕੋਈ ਲਾਭ ਹੋਵੇਗਾ ?
**M1:** ਵਿਕਰਮ: ਕਿਉਂ ਨਹੀਂ, ਡਿਗਰੀ ਕਰਨ ਮਗਰੋਂ ਕੰਪਿਊਟਰ ਦਾ ਕੰਮ ਛੇਤੀ ਮਿਲ ਜਾਂਦਾ ਹੈ ਅਤੇ ਪੈਸੇ ਵੀ ਚੰਗੇ ਮਿਲਦੇ ਹਨ ।

**2** **M1:** ਰਾਜਨ, ਤੈਨੂੰ ਕਿਹੜੀ ਖੇਡ ਸਭ ਤੋਂ ਜ਼ਿਆਦਾ ਪਸੰਦ ਹੈ ?
**M2:** ਰਾਜਨ: ਮੈਨੂੰ ਕਰਿਕਟ ਖੇਡਣਾ ਬਹੁਤ ਚੰਗਾ ਲਗਦਾ ਹੈ ।

**M1:** ਕਿਰਨ, ਤੂੰ ਐਤਵਾਰ ਨੂੰ ਕੀ ਕਰਦੀ ਹੈਂ ?
**F1:** ਕਿਰਨ: ਮੈਂ ਸਪੋਰਟਸ ਸੈਂਟਰ ਤਰਨ ਜਾਂਦੀ ਹਾਂ ।

**M1:** ਪਾਲ, ਤੂੰ ਕੀ ਕਰਨਾ ਪਸੰਦ ਕਰਦਾ ਹੈਂ ?
**M2:** ਪਾਲ: ਮੈਨੂੰ ਸਿਨਮੇ ਜਾਣਾ ਚੰਗਾ ਲਗਦਾ ਹੈ ।

**M1:** ਗੀਤਾ, ਤੂੰ ਆਪਣੇ ਵਿਹਲੇ ਸਮੇਂ ਵਿੱਚ ਕੀ ਕਰਦੀ ਹੈਂ ?
**F2:** ਗੀਤਾ: ਮੈਨੂੰ ਸਾਈਕਲ ਚਲਾਉਣਾ ਬਹੁਤ ਪਸੰਦ ਹੈ ਅਤੇ ਜਦੋਂ ਵੀ ਸਮਾਂ ਮਿਲੇ, ਮੈਂ ਸਾਈਕਲ ਚਲਾਉਂਦੀ ਹਾਂ ।

**3** **F1:** ਜਿਸ ਘਰ ਵਿੱਚ ਮੈਂ ਆਪਣੇ ਪਰਵਾਰ ਨਾਲ ਰਹਿੰਦੀ ਸੀ, ਉਹ ਕਾਫੀ ਪੁਰਾਣਾ ਅਤੇ ਵੱਡਾ ਸੀ । ਇਸ ਦੇ ਬਗੀਚੇ ਵੀ ਬਹੁਤ ਵੱਡੇ ਸਨ । ਇਹ ਘਰ ਮੈਨੂੰ ਬਿਲਕੁਲ ਪਸੰਦ ਨਹੀਂ ਸੀ ਕਿਉਂਕਿ ਇਸ ਦੀ ਦੇਖ ਭਾਲ ਅਤੇ ਸਫਾਈ ਕਰਨ ਨੂੰ ਬਹੁਤ ਟਾਈਮ ਲਗਦਾ ਸੀ । ਹੁਣ ਸਾਡਾ ਨਵਾਂ ਘਰ ਕਾਫੀ ਸੁਹਣਾ ਹੈ । ਵੱਡੀ ਹੋ ਕੇ ਮੈਂ ਇੱਕ ਫਲੈਟ ਖਰੀਦਾਂਗੀ ਕਿਉਂਕਿ ਇਸ ਵਿੱਚ ਬਗੀਚਾ ਨਹੀਂ ਹੋਵੇਗਾ, ਸਫਾਈ ਕਰਨੀ ਸੌਖੀ ਹੋਵੇਗੀ ਅਤੇ ਬਿਜਲੀ ਅਤੇ ਗੈਸ ਦੇ ਬਿੱਲ ਵੀ ਘੱਟ ਆਉਣਗੇ ।

**4** **M1:** ਅਗਲੇ ਸੋਮਵਾਰ ਨੂੰ ਲੰਡਨ ਵਿੱਚ ਇੱਕ ਚੈਰਿਟੀ ਸ਼ੋਅ ਹੋ ਰਿਹਾ ਹੈ ਜਿਸ ਵਿੱਚ ਚੋਟੀ ਦੇ ਕਲਾਕਾਰ ਹਿੱਸਾ ਲੈ ਰਹੇ ਹਨ । ਇਸ ਤੋਂ ਇਕੱਠੇ ਕੀਤੇ ਪੈਸੇ ਕੈਂਸਰ ਦਾ ਇਲਾਜ ਲੱਭਣ ਲਈ ਦਾਨ ਕੀਤੇ ਜਾਣਗੇ । ਇਹ ਸ਼ੋਅ ਦੇਖਣ ਜਾਣ ਲਈ ਟਿਕਟ ਦੀ ਕੀਮਤ ਦਸ ਪੌਂਡ ਹੋਵੇਗੀ ਅਤੇ ਸਾਰੇ ਲੋਕਾਂ ਲਈ ਖਾਣਾ ਰਾਜਾ ਰੈਸਟੋਰੈਂਟ ਵਾਲੇ ਮੁਫਤ ਦੇਣਗੇ ।

**5** **F1:** ਪਹਿਲਾ ਭਾਗ: ਮੇਰਾ ਨਾਂ ਮੀਨਾ ਹੈ । ਮੈਨੂੰ ਇੰਗਲੈਂਡ ਦਾ ਸਰਦੀਆਂ ਦਾ ਮੌਸਮ ਬਿਲਕੁਲ ਚੰਗਾ ਨਹੀਂ ਲਗਦਾ ਕਿਉਂਕਿ ਇਸ ਨੂੰ ਬਦਲਦੇ ਦੇਰ ਨਹੀਂ ਲਗਦੀ । ਸਵੇਰ ਨੂੰ ਧੁੱਪ ਨਿਕਲੀ ਹੁੰਦੀ ਹੈ ਤਾਂ ਸ਼ਾਮ ਨੂੰ ਮੀਂਹ ਪੈਣ ਲੱਗ ਪੈਂਦਾ ਹੈ ।

**F2**: ਦੂਜਾ ਭਾਗ: ਮੈਂ ਸੁਨੀਤਾ ਹਾਂ । ਮੈਂ ਇੰਗਲੈਂਡ ਦਾ ਗਰਮੀਆਂ ਦਾ ਮੌਸਮ ਜ਼ਿਆਦਾ ਪਸੰਦ ਕਰਦੀ ਹਾਂ ਕਿਉਂਕਿ ਦਿਨ ਕਾਫੀ ਸੁਹਾਵਣੇ ਹੁੰਦੇ ਹਨ ਅਤੇ ਤੁਸੀਂ ਬਾਹਰ ਘੁੰਮਣ ਫਿਰਨ ਜਾ ਸਕਦੇ ਹੋ ਅਤੇ ਕਾਫੀ ਕੰਮ ਹੋ ਜਾਂਦੇ ਹਨ ।

**M1:** ਤੀਜਾ ਭਾਗ: ਮੈਨੂੰ ਜਸਦੀਪ ਕਹਿੰਦੇ ਹਨ । ਮੈਨੂੰ ਤਾਂ ਪੰਜਾਬ ਦਾ ਗਰਮੀਆਂ ਦਾ ਮੌਸਮ ਬਹੁਤ ਪਸੰਦ ਹੈ ਕਿਉਂਕਿ ਬਾਹਰ ਖੇਡਣ ਵਿੱਚ ਬੜਾ ਮਜ਼ਾ ਆਉਂਦਾ ਹੈ । ਦੋਸਤਾਂ ਨਾਲ ਨਹਿਰ ਵਿੱਚ ਨਹਾਉਣਾ ਮੈਨੂੰ ਬਹੁਤ ਚੰਗਾ ਲਗਦਾ ਹੈ ।

**M2:** ਚੌਥਾ ਭਾਗ: ਮੇਰਾ ਨਾਂ ਦਲੀਪ ਹੈ । ਮੈਂ ਪੰਜਾਬ ਦੀ ਮੌਨਸੂਨ ਰੁੱਤ ਨੂੰ ਪਸੰਦ ਨਹੀਂ ਕਰਦਾ ਕਿਉਂਕਿ ਮੀਂਹ ਇੰਨਾ ਪੈਂਦਾ ਹੈ ਕਿ ਘਰੋਂ ਬਾਹਰ ਨਿਕਲਣਾ ਔਖਾ ਹੋ ਜਾਂਦਾ ਹੈ । ਕਈ ਵਾਰ ਤਾਂ ਹੜ੍ਹ ਵੀ ਆ ਜਾਂਦੇ ਹਨ ਅਤੇ ਫਸਲਾਂ ਦਾ ਕਾਫੀ ਨੁਕਸਾਨ ਹੋ ਜਾਂਦਾ ਹੈ ।

**6** **F1:** ਜੀਤੀ ਕਲ੍ਹ ਸ਼ਾਮ ਤੋਂ ਠੀਕ ਨਹੀਂ ਹੈ । ਉਸ ਦਾ ਦੰਦ ਬਹੁਤ ਦੁਖਦਾ ਹੈ । ਉਸ ਨੇ ਦੰਦਾਂ ਦੇ ਡਾਕਟਰ ਕੋਲ ਜਾਣਾ ਹੈ ਇਸ ਕਰਕੇ ਉਹ ਅੱਜ ਸਕੂਲ ਨਹੀਂ ਆਵੇਗੀ ।

**7** **M1:** ਪਿਛਲੇ ਹਫਤੇ ਮੈਂ ਆਪਣੇ ਪਰਵਾਰ ਨਾਲ ਪੰਜਾਬੀ ਫਿਲਮ "ਦਿਲ ਆਪਣਾ ਪੰਜਾਬੀ" ਦੇਖਣ ਗਿਆ । ਮੈਨੂੰ ਇਹ ਫਿਲਮ ਬਹੁਤ ਪਸੰਦ ਆਈ ਕਿਉਂਕਿ ਇਸ ਦੇ ਗਾਣੇ ਬਹੁਤ ਵਧੀਆ ਸਨ ਅਤੇ ਇਸ ਦੇ ਹੀਰੋ ਅਤੇ ਹੀਰੋਇਨ ਦਾ ਕੰਮ ਬਹੁਤ ਸ਼ਾਨਦਾਰ ਸੀ । ਇਸ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਸ ਦੀ ਕਹਾਣੀ ਤੋਂ ਪੰਜਾਬ ਅਤੇ ਵਿਦੇਸ਼ ਦੇ ਸਭਿਆਚਾਰ ਦੇ ਫਰਕ ਬਾਰੇ ਪਤਾ ਲਗਦਾ ਹੈ । ਇਸ ਵਿੱਚ ਪੰਜਾਬ ਦੇ ਵਿਰਸੇ, ਬੋਲੀ ਅਤੇ ਪੁਰਾਤਨ ਰੀਤੀ ਰਿਵਾਜਾਂ ਨੂੰ ਬਹੁਤ ਹੀ ਖੂਬੀ ਨਾਲ ਦਿਖਾਇਆ ਗਿਆ ਹੈ । ਇਹ ਫਿਲਮ ਬਹੁਤ ਹੀ ਸਾਫ ਸੁਥਰੀ ਹੈ ਜਿਸ ਨੂੰ ਸਾਰੇ ਪਰਵਾਰ ਵਿੱਚ ਬੈਠ ਕੇ ਦੇਖਿਆ ਜਾ ਸਕਦਾ ਹੈ ।

**8** **M1:** ਪਿਛਲੇ ਸਨਿੱਚਰਵਾਰ ਨੂੰ ਮੈਂ ਇੱਕ ਫੈਸ਼ਨ ਸ਼ੋਅ ਦੇਖਣ ਗਿਆ ਸੀ । ਇਹ ਇੱਕ ਵੱਖਰੀ ਕਿਸਮ ਦਾ ਸ਼ੋਅ ਸੀ । ਇਸ ਵਿੱਚ ਇਹ ਦਿਖਾਇਆ ਗਿਆ ਸੀ ਕਿ ਕੰਪਿਊਟਰ ਦੀ ਵਰਤੋਂ ਕਰਕੇ ਨਵੇਂ ਨਵੇਂ ਡਿਜ਼ਾਈਨਾਂ ਦੇ ਕੱਪੜੇ ਕਿਵੇਂ ਤਿਆਰ ਕੀਤੇ ਜਾਂਦੇ ਹਨ । ਇਹ ਡਿਜ਼ਾਈਨ ਪੱਛਮੀ ਦੇਸ਼ਾਂ ਦੇ ਲੋਕ ਵੀ ਬਹੁਤ ਪਸੰਦ ਕਰਦੇ ਹਨ । ਕੰਪਿਊਟਰ ਦੀ ਵਰਤੋਂ ਕਾਰਨ ਇਹ ਡਿਜ਼ਾਈਨ ਵਧੀਆ ਬਣਦੇ ਹਨ ਅਤੇ ਸਸਤੇ ਵੀ ਪੈਂਦੇ ਹਨ ਅਤੇ ਸਮੇਂ ਦੀ ਕਾਫੀ ਬੱਚਤ ਹੋ ਜਾਂਦੀ ਹੈ । ਜੇ ਵੱਡੇ ਹੋ ਕੇ ਤੁਸੀਂ ਫੈਸ਼ਨ ਡਿਜ਼ਾਈਨਰ ਬਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਇਹ ਸ਼ੋਅ ਜ਼ਰੂਰ ਦੇਖਣ ਜਾਣਾ ਚਾਹੀਦਾ ਹੈ । ਸ਼ੋਅ ਦੇਖਣ ਜਾਣ ਲਈ ਦਾਖਲਾ ਮੁਫਤ ਹੈ । ਇਹ ਸੁਨਹਿਰੀ ਮੌਕਾ ਹੱਥੋਂ ਨਾ ਗੁਆਓ ।

**Turn over ▶**

## SECTION B

**Questions and answers in English**

**9** **F1:** ਜਸਬੀਰ: ਦਲਬੀਰ ਜੀ, ਤੁਸੀਂ ਭਵਿੱਖ ਵਿੱਚ ਕੀ ਕਰਨਾ ਚਾਹੁੰਦੇ ਹੋ ?

**M1:** ਦਲਬੀਰ: ਜਸਬੀਰ ਜੀ, ਮੈਂ ਤਾਂ ਇੱਕ ਜਰਨਲਿਸਟ ਬਣਨਾ ਚਾਹੁੰਦਾ ਹਾਂ ਕਿਉਂਕਿ ਮਸ਼ਹੂਰ ਹਸਤੀਆਂ ਨਾਲ ਮਿਲਣ ਦਾ ਮੌਕਾ ਮਿਲਦਾ ਹੈ ਅਤੇ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਦੀ ਸੈਰ ਵੀ ਹੋ ਜਾਂਦੀ ਹੈ ।

**F1:** ਜਸਬੀਰ: ਪਰ ਦਲਬੀਰ ਜੀ ਮੈਂ ਤੁਹਾਨੂੰ ਇਹ ਪੇਸ਼ਾ ਨਾ ਅਪਨਾਉਣ ਦੀ ਸਲਾਹ ਦੇਵਾਂਗੀ ਕਿਉਂਕਿ ਕਈ ਵਾਰ ਐਸੀਆਂ ਥਾਂਵਾਂ ਤੇ ਜਾਣਾ ਪੈ ਜਾਂਦਾ ਹੈ ਜਿੱਥੇ ਲੜਾਈ ਲੱਗੀ ਹੁੰਦੀ ਹੈ ਅਤੇ ਜਾਨ ਨੂੰ ਖਤਰਾ ਵੀ ਹੋ ਸਕਦਾ ਹੈ ਅਤੇ ਕਈ ਕਈ ਦਿਨ ਭੁੱਖੇ ਰਹਿਣਾ ਪੈਂਦਾ ਹੈ ।

**M1:** ਦਲਬੀਰ: ਜਸਬੀਰ ਜੀ ਖਤਰਿਆਂ ਨਾਲ ਖੇਡਣਾ ਹੀ ਜ਼ਿੰਦਗੀ ਹੈ, ਇਸ ਤਰ੍ਹਾਂ ਤਾਂ ਕੋਈ ਵੀ ਖਤਰੇ ਵਾਲਾ ਕੰਮ ਹੀ ਨਾ ਕਰੇ ।

**10** **F1:** ਅਨਾਊਂਸਰ: ਪ੍ਰੋਗਰਾਮ 'ਰੂਬਰੂ' ਵਿੱਚ ਅੱਜ ਅਸੀਂ ਤੁਹਾਡੀ ਮੁਲਾਕਾਤ ਪੰਜਾਬ ਤੋਂ ਆਏ ਪ੍ਰਿੰਸੀਪਲ ਸੁਰਜੀਤ ਸਿੰਘ ਨਾਲ ਕਰਵਾ ਰਹੇ ਹਾਂ ਜੋ ਇੱਕ ਸਮਾਜ ਸੇਵਕ ਵੀ ਹਨ । ਹਾਂ ਜੀ ਦੱਸੋ, ਤੁਸੀਂ ਇੱਥੇ ਰਹਿ ਰਹੇ ਪਰਵਾਸੀ ਭਾਰਤੀਆਂ ਨੂੰ ਕੀ ਕਹਿਣਾ ਚਾਹੋਗੇ ?

**M1:** ਪ੍ਰਿੰਸੀਪਲ: ਮੈਂ ਇੱਥੇ ਆ ਕੇ ਬਹੁਤ ਪ੍ਰਭਾਵਿਤ ਹੋਇਆ ਹਾਂ ਅਤੇ ਬਹੁਤ ਸਾਰੀਆਂ ਨਵੀਆਂ ਗੱਲਾਂ ਵੀ ਸਿੱਖੀਆਂ ਹਨ । ਮੇਰਾ ਤਾਂ ਸਾਰਿਆਂ ਨੂੰ ਇਹੀ ਕਹਿਣਾ ਹੈ ਕਿ ਸਾਨੂੰ ਅੰਗਰੇਜ਼ਾਂ ਕੋਲੋਂ ਇਮਾਨਦਾਰੀ, ਸਮੇਂ ਦੀ ਪਾਬੰਦੀ ਅਤੇ ਡਸਿਪਲਿਨ ਵਰਗੀਆਂ ਚੰਗੀਆਂ ਗੱਲਾਂ ਸਿੱਖਣੀਆਂ ਚਾਹੀਦੀਆਂ ਹਨ । ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੋਈ ਹੈ ਕਿ ਇੱਥੇ ਆ ਕੇ ਪੰਜਾਬੀਆਂ ਨੇ ਆਪਣੀ ਬੋਲੀ ਅਤੇ ਪਛਾਣ ਨਹੀਂ ਭੁਲਾਈ । ਮੇਰੀ ਤਾਂ ਸਾਰੇ ਮਾਪਿਆਂ ਨੂੰ ਇਹੋ ਬੇਨਤੀ ਹੈ ਕਿ ਆਪਣੇ ਪਿਛੋਕੜ, ਸਭਿਆਚਾਰ, ਬੋਲੀ, ਧਰਮ ਅਤੇ ਪਛਾਣ ਨੂੰ ਕਾਇਮ ਰੱਖਣ ਲਈ ਉਹ ਬੱਚਿਆਂ ਨੂੰ ਪੰਜਾਬ ਜ਼ਰੂਰ ਲੈ ਕੇ ਜਾਇਆ ਕਰਨ ।

**END OF TEST**

Copyright © 2008 AQA and its licensors. All rights reserved.